# Punjab Government Gazette

## EXTRAORDINARY

*Published by Authority*

CHANDIGARH, MONDAY, AUGUST 24, 2026
(BHADRA 2, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਭੌਂ ਸੁਧਾਰ ਐਕਟ, 1959 (1959 ਦਾ ਪੰਜਾਬ ਐਕਟ ਨੰ. 21) | ...967-970 |
| | 2. ਪੰਜਾਬ ਤੋਹਫ਼ਾ ਮਾਲ (ਕਾਨੂੰਨ-ਵਿਰੁੱਧ ਕਬਜ਼ਾ) ਐਕਟ, 1963 (1963 ਦਾ ਪੰਜਾਬ ਐਕਟ ਨੰ. 24) | ...971-973 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ-1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

## ਅਧਿਸੂਚਨਾ

ਮਿਤੀ 24 ਅਗਸਤ, 2026

**ਨੰ. 62/ਭ:ਕ/2026.-** ਪੰਜਾਬ ਭੋਂ ਸੁਧਾਰ ਐਕਟ, 1959 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

## NOTIFICATION

The 24th August, 2026

**No.62/L.C./2026.-** The Translation in Punjabi of the Punjab Reclamation of Land Act, 1959 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

## ਪੰਜਾਬ ਭੋਂ ਸੁਧਾਰ ਐਕਟ, 1959

(1959 ਦਾ ਪੰਜਾਬ ਐਕਟ ਨੰ: 21)

ਕੁੱਝ ਕੁ ਖੇਤਰਾਂ ਵਿੱਚ ਭੋਂਆਂ ਦੇ ਸੁਧਾਰ ਨਾਲ ਸਬੰਧਤ ਕਾਨੂੰਨ ਨੂੰ ਸੰਚਿਤ ਕਰਨ ਅਤੇ ਸੋਧਣ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਦਸਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਭੋਂ ਸੁਧਾਰ ਐਕਟ, 1959 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ 'ਤੇ ਹੈ।

(3) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,- ਪਰਿਭਾਸ਼ਾਵਾਂ।

(ੳ) "ਪ੍ਰਾਰੰਭਕ ਸਰਵੇਖਣ" ਦਾ ਮਤਲਬ ਹੈ ਕਿਸੇ ਭੋਂ ਨੂੰ ਸੁਧਾਰਨਯੋਗ ਖੇਤਰ ਐਲਾਨ ਕਰਨ ਦੇ ਪ੍ਰਯੋਜਨ ਲਈ ਇਸ ਦੇ ਗੁਣ ਦਾ ਪਤਾ ਲਗਾਉਣ ਲਈ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ;

(ਅ) "ਸੁਧਾਰ" ਦਾ ਮਤਲਬ ਹੈ ਅਜਿਹੀਆਂ ਕਿਰਿਆਵਾਂ ਜੋ ਡਾਇਰੈਕਟਰ ਦੁਆਰਾ ਕਿਸੇ ਸੁਧਾਰਨਯੋਗ ਖੇਤਰ ਨੂੰ ਸੁਧਾਰਨ ਅਤੇ ਕਾਸ਼ਤ ਕਰਨ ਲਈ ਜ਼ਰੂਰੀ ਸਮਝੀਆਂ ਜਾਂਦੀਆਂ ਹਨ;

(ੲ) "ਸੁਧਾਰਨਯੋਗ ਖੇਤਰ" ਦਾ ਮਤਲਬ ਹੈ ਅਜਿਹੀਆਂ ਬੰਜਰ ਭੋਂਆਂ ਅਤੇ ਉਨ੍ਹਾਂ ਵਿਚਕਾਰ ਪੈਂਦੀਆਂ ਕਾਸ਼ਤ ਵਾਲੀਆਂ ਭੋਂਆਂ ਜਿਨ੍ਹਾਂ ਨੂੰ ਰਾਜ

ਸਰਕਾਰ, ਧਾਰਾ 5 ਅਧੀਨ ਅਧਿਸੂਚਨਾ ਦੁਆਰਾ, ਇੱਕ ਸੁਧਾਰਨਯੋਗ ਖੇਤਰ ਐਲਾਨ ਸਕਦੀ ਹੈ;

(ਸ) "ਡਾਇਰੈਕਟਰ" ਦਾ ਮਤਲਬ ਹੈ ਡਾਇਰੈਕਟਰ ਖੇਤੀਬਾੜੀ, ਪੰਜਾਬ;

(ਹ) "ਬੰਜਰ ਭੋਂ" ਦਾ ਮਤਲਬ ਹੈ ਮਾਲ ਰਿਕਾਰਡਾਂ ਵਿੱਚ ਕਿਸੇ ਕਿਸਮ ਦੀ ਬੰਜਰ ਵਜੋਂ ਦਰਜ ਭੋਂ ਅਤੇ ਅਜਿਹੀਆਂ ਗੈਰਮੁਮਕਿਨ ਭੋਆਂ ਜੋ ਸੁਧਾਰਨਯੋਗ ਹਨ।

ਅਰਥ-ਨਿਰਣਾ।

3. ਪੰਜਾਬ ਸਾਧਾਰਨ ਖੰਡ ਐਕਟ, 1898, ਇਸ ਐਕਟ ਦੇ ਅਰਥ ਨਿਰਣੇ ਲਈ ਉਸੇ ਤਰ੍ਹਾਂ ਲਾਗੂ ਹੋਵੇਗਾ ਜਿਵੇਂ ਇਹ ਇੱਕ ਪੰਜਾਬ ਐਕਟ ਦੇ ਅਰਥ ਨਿਰਣੇ ਲਈ ਲਾਗੂ ਹੁੰਦਾ ਹੈ।

ਬੰਜਰ ਭੋਆਂ ਵਿੱਚ ਦਾਖਲ ਹੋਣ ਦੀ ਅਥਾਰਟੀ।

4. ਡਾਇਰੈਕਟਰ ਜਾਂ ਉਸ ਦੁਆਰਾ ਲਿਖਤੀ ਰੂਪ ਵਿੱਚ ਅਧਿਕਾਰਤ ਕੋਈ ਵਿਅਕਤੀ ਪ੍ਰਾਰੰਭਕ ਸਰਵੇਖਣ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨ ਲਈ ਕਿਸੇ ਬੰਜਰ ਭੋਂ ਵਿੱਚ ਦਾਖ਼ਲ ਹੋ ਸਕਦਾ ਹੈ।

ਸੁਧਾਰਨਯੋਗ ਖੇਤਰ ਦਾ ਐਲਾਨ ਅਤੇ ਇਸ ਦੇ ਬਾਬਤ ਡਾਇਰੈਕਟਰ ਦੀਆਂ ਸ਼ਕਤੀਆਂ।

5. (1) ਜੇ ਰਾਜ ਸਰਕਾਰ ਦੀ ਰਾਏ ਹੈ ਕਿ ਬੰਜਰ ਭੋਆਂ ਅਤੇ ਉਨ੍ਹਾਂ ਵਿਚਕਾਰ ਪੈਂਦੀਆਂ ਕਾਸ਼ਤ ਕੀਤੀਆਂ ਜਾਣ ਵਾਲੀਆਂ ਭੋਆਂ ਵਿੱਚ ਸਮਾਵਿਸ਼ਟ ਕੋਈ ਖੇਤਰ ਸੁਧਾਰ ਕਰਨ ਲਈ ਲੋੜੀਂਦਾ ਹੈ, ਤਾਂ ਉਹ ਇਸ ਐਕਟ ਦੇ ਪ੍ਰਯੋਜਨਾਂ ਲਈ ਅਧਿਸੂਚਨਾ ਦੁਆਰਾ ਅਜਿਹੇ ਖੇਤਰ ਨੂੰ ਸੁਧਾਰਨਯੋਗ ਖੇਤਰ ਐਲਾਨ ਕਰ ਸਕਦੀ ਹੈ ਅਤੇ ਅਜਿਹੀ ਅਧਿਸੂਚਨਾ ਉਸ ਵਿੱਚ ਬਿਆਨ ਕੀਤੇ ਮਾਮਲਿਆਂ ਦੀ ਨਿਰਣੇਈ ਸ਼ਹਾਦਤ ਹੋਵੇਗੀ, ਅਤੇ ਕਿਸੇ ਅਦਾਲਤ ਵਿੱਚ ਉਜ਼ਰ ਕਰਨ ਦੇ ਭਾਗੀ ਨਹੀਂ ਹੋਵੇਗੀ।

(2) ਉਸ ਜ਼ਿਲ੍ਹੇ ਦਾ ਕੁਲੈਕਟਰ ਜਿਸ ਵਿੱਚ ਸੁਧਾਰਨਯੋਗ ਖੇਤਰ ਸਥਿਤ ਹੈ, ਉਪ-ਧਾਰਾ (1) ਅਧੀਨ ਜਾਰੀ ਕੀਤੀ ਅਧਿਸੂਚਨਾ ਦਾ ਪ੍ਰਚਾਰ ਅਜਿਹੇ ਤਰੀਕੇ ਨਾਲ ਕਰੇਗਾ ਜਿਵੇਂ ਉਹ ਉਚਿਤ ਸਮਝੇ।

(3) ਉਪ-ਧਾਰਾ (1) ਅਧੀਨ ਅਧਿਸੂਚਨਾ ਜਾਰੀ ਹੋਣ 'ਤੇ, ਕੁਲੈਕਟਰ, ਕਿਸੇ ਕਾਨੂੰਨ ਦੇ ਉਲਟ ਹੁੰਦਿਆਂ ਹੋਇਆਂ ਵੀ, ਡਾਇਰੈਕਟਰ ਨੂੰ ਭੋਂ-ਸੁਧਾਰ ਕਰਨ ਦੇ ਪ੍ਰਯੋਜਨ ਲਈ ਦਸ ਸਾਲਾਂ ਤੋਂ ਵੱਧ ਨਾ ਹੋਣ ਵਾਲੀ ਮੁੱਦਤ ਲਈ ਉਸ ਵਿੱਚ ਉਲਿਖਤ ਕੀਤੇ ਗਏ ਸਾਰੇ ਖੇਤਰ ਜਾਂ ਕਿਸੇ ਭਾਗ ਦਾ ਕਬਜ਼ਾ ਲੈਣ ਲਈ ਅਧਿਕਾਰਤ ਕਰ ਸਕਦਾ ਹੈ।

ਤਾਕਤ ਆਦਿ ਦੀ ਵਰਤੋਂ ਕਰਨ ਦੀ ਸ਼ਕਤੀ।

6. ਇਸ ਐਕਟ ਦੇ ਉਪਬੰਧਾਂ ਦੀ ਪਾਲਣਾ ਸੁਨਿਸ਼ਚਿਤ ਕਰਾਉਣ ਲਈ ਕੁਲੈਕਟਰ ਅਜਿਹੇ ਕਦਮ ਚੁੱਕ ਸਕਦਾ ਹੈ ਜਾਂ ਚੁਕਵਾ ਸਕਦਾ ਹੈ ਜਾਂ ਅਜਿਹੀ ਤਾਕਤ ਦੀ ਵਰਤੋਂ ਕਰ ਸਕਦਾ ਹੈ ਜਾਂ ਕਰਵਾ ਸਕਦਾ ਹੈ ਜੋ ਉਸ ਦੀ ਰਾਏ ਵਿੱਚ ਵਾਜਬੀ ਤੌਰ 'ਤੇ ਜ਼ਰੂਰੀ ਹੋਵੇ।

7. ਡਾਇਰੈਕਟਰ ਇਸ ਐਕਟ ਅਧੀਨ ਆਪਣੀਆਂ ਸਾਰੀਆਂ ਜਾਂ ਕੋਈ ਵੀ ਸ਼ਕਤੀਆਂ ਅਤੇ ਕਾਜਕਾਰ, ਖੇਤੀਬਾੜੀ ਵਿਭਾਗ, ਪੰਜਾਬ ਦੇ ਕਿਸੇ ਵੀ ਅਧਿਕਾਰੀ ਨੂੰ ਡੈਲੀਗੇਟ ਕਰ ਸਕਦਾ ਹੈ। ਸ਼ਕਤੀਆਂ ਡੈਲੀਗੇਟ ਕਰਨਾ।

8. (1) ਕਿਸੇ ਵੀ ਸੁਧਾਰਨਯੋਗ ਖੇਤਰ ਦੇ ਸੁਧਾਰ ਕਰਨ ਵਿੱਚ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਲ ਖ਼ਰਚ ਨੂੰ ਡਾਇਰੈਕਟਰ ਦੁਆਰਾ ਅਜਿਹੇ ਖੇਤਰ ਵਿੱਚ ਸ਼ਾਮਲ ਭੋਂਆਂ ਵਿੱਚ ਹਿੱਤ ਰੱਖਣ ਵਾਲੇ ਵੱਖ-ਵੱਖ ਮਾਲਕਾਂ ਅਤੇ ਵਿਅਕਤੀਆਂ ਵਿਚਕਾਰ ਸਮਤਾਪੂਰਣ ਹਿੱਸੇ ਵਿੱਚ ਵੰਡਿਆ ਜਾਵੇਗਾ ਅਤੇ ਅਜਿਹੇ ਹਰੇਕ ਮਾਲਕ ਅਤੇ ਵਿਅਕਤੀ ਆਪਣੇ ਹਿੱਸੇ ਵਿੱਚ ਆਉਣ ਵਾਲੀ ਰਕਮ ਦੀ ਅਦਾਇਗੀ ਕਰਨ ਲਈ ਭਾਗੀ ਹੋਣਗੇ। ਸੁਧਾਰ ਕਰਨ ਦੀ ਲਾਗਤ ਲਈ ਮਾਲਕਾਂ ਦੀ ਦੇਣਦਾਰੀ।

(2) ਉਪ-ਧਾਰਾ (1) ਅਧੀਨ ਹਿੱਸੇ ਵੰਡ ਕੀਤੀ ਗਈ ਰਕਮ ਉਸ ਭੋਂ 'ਤੇ ਇੱਕ ਭਾਰ ਹੋਵੇਗੀ ਜਿਸ ਨਾਲ ਇਹ ਸਬੰਧਤ ਹੈ ਅਤੇ ਹਿੱਸੇ ਵੰਡ ਨੂੰ ਕਿਸੇ ਅਦਾਲਤ ਵਿੱਚ ਜਾਂ ਕਿਸੇ ਅਥਾਰਟੀ ਸਾਹਮਣੇ ਉਜ਼ਰ ਨਹੀਂ ਕੀਤਾ ਜਾਵੇਗਾ।

(3) ਡਾਇਰੈਕਟਰ ਇਹ ਵੀ ਨਿਰਧਾਰਤ ਕਰੇਗਾ ਕਿ ਕੀ ਹਿੱਸੇ ਵੰਡ ਕੀਤੀ ਗਈ ਰਕਮ ਇੱਕਮੁਸ਼ਤ ਵਿੱਚ ਜਾਂ ਸਲਾਨਾ ਕਿਸ਼ਤਾਂ ਵਿੱਚ ਅਦਾਇਗੀਯੋਗ ਹੋਵੇਗੀ ਅਤੇ ਸਲਾਨਾ ਕਿਸ਼ਤਾਂ ਦੇ ਮਾਮਲੇ ਵਿੱਚ ਉਹ ਉਸ ਦੀ ਰਕਮ ਅਤੇ ਗਿਣਤੀ ਨਿਯਤ ਕਰੇਗਾ।

9. (1) ਧਾਰਾ 8 ਅਧੀਨ ਹਿੱਸੇ ਵੰਡ ਕੀਤੀ ਗਈ ਸੁਧਾਰ ਦੀ ਲਾਗਤ ਭਾਵੇਂ ਉਹ ਇਸ ਐਕਟ ਦੇ ਅਰੰਭ ਤੋਂ ਪਹਿਲਾਂ ਦੀ ਹੋਵੇ ਜਾਂ ਬਾਅਦ ਦੀ, ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲਣਯੋਗ ਹੋਵੇਗੀ: ਲਾਗਤ ਦੀ ਵਸੂਲੀ।

* * * * *

(2) ਕੁਲੈਕਟਰ ਉਸ ਭੋਂ ਵਿੱਚ ਮਾਲਕੀ ਜਾਂ ਹਿੱਤ ਰੱਖਣ ਵਾਲੇ ਹਰੇਕ ਵਿਅਕਤੀ ਨੂੰ, ਜਿਸ ਵਿੱਚ ਸੁਧਾਰ ਕੀਤਾ ਗਿਆ ਹੈ, ਮੰਗ ਦਾ ਨੋਟਿਸ ਤਾਮੀਲ ਕਰਵਾਏਗਾ, ਜਿਸ ਵਿੱਚ ਉਸ ਦੁਆਰਾ ਅਦਾਇਗੀਯੋਗ ਸੁਧਾਰ ਦੀ ਲਾਗਤ ਦੀ ਰਕਮ ਅਤੇ ਮੁੱਦਤ ਜਿਸ ਦੇ ਅੰਦਰ-ਅੰਦਰ ਇਹ ਰਕਮ ਅਦਾ ਕੀਤੀ ਜਾਣੀ ਹੈ, ਉਲਿਖਤ ਕੀਤੀ ਹੋਵੇਗੀ।

10. ਇਸ ਐਕਟ ਅਧੀਨ ਕਿਸੇ ਸ਼ਕਤੀ ਦੀ ਵਰਤੋਂ ਕਰਦੇ ਹੋਏ ਜਾਂ ਕਿਸੇ ਕਰਤੱਵ ਦਾ ਪਾਲਣ ਕਰਦੇ ਹੋਏ ਹਰੇਕ ਵਿਅਕਤੀ ਨੂੰ ਭਾਰਤੀ ਦੰਡ ਸੰਘਤਾ (1860 ਦਾ XLV) ਦੀ ਧਾਰਾ 21 ਦੇ ਅਰਥਾਂ ਅੰਦਰ ਲੋਕ ਸੇਵਕ ਸਮਝਿਆ ਜਾਵੇਗਾ। ਐਕਟ ਅਧੀਨ ਕਾਰਜ ਕਰ ਰਹੇ ਵਿਅਕਤੀਆਂ ਦਾ ਲੋਕ ਸੇਵਕ ਹੋਣਾ।

11. (1) ਇਸ ਐਕਟ ਦੇ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਕਿਸੇ ਵਿਅਕਤੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਸ਼ੁਰੂ ਨਹੀਂ ਹੋ ਸਕੇਗੀ। ਦਾਵਿਆਂ ਜਾਂ ਕਾਨੂੰਨੀ ਕਾਰਵਾਈਆਂ ਤੇ ਰੋਕ।

(2) ਇਸ ਐਕਟ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੁਆਰਾ ਹੋਏ ਕਿਸੇ ਨੁਕਸਾਨ ਲਈ ਰਾਜ ਸਰਕਾਰ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

12. ਰਾਜ ਸਰਕਾਰ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਅਧਿਸੂਚਨਾ ਦੁਆਰਾ ਨਿਯਮ ਬਣਾ ਸਕੇਗੀ।

ਨਿਰਸਨ।

13. ਪੂਰਬੀ ਪੰਜਾਬ ਭੋਂ ਸੁਧਾਰ ਐਕਟ, 1949 (1949 ਦਾ XXII), ਅਤੇ ਪੈਪਸੂ ਭੋਂ ਸੁਧਾਰ ਐਕਟ, 2009 (2009 ਬੀ ਕੇ ਦਾ ਐਕਟ V) ਇਸ ਦੁਆਰਾ ਨਿਰਸਤ ਕੀਤੇ ਜਾਂਦੇ ਹਨ, ਪਰ ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ ਉਕਤ ਐਕਟਾਂ ਦੁਆਰਾ ਜਾਂ ਦੇ ਅਧੀਨ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੀਤੇ ਗਏ ਕੋਈ ਹੁਕਮ, ਜਾਰੀ ਕੀਤੀ ਕੋਈ ਅਧਿਸੂਚਨਾ, ਕੀਤੀ ਗਈ ਕੋਈ ਗੱਲ, ਕੀਤੀ ਗਈ ਕੋਈ ਕਾਰਵਾਈ ਜਾਂ ਅਰੰਭ ਕੀਤੀ ਗਈ ਕੋਈ ਕਾਰਵਾਈ, ਇਸ ਐਕਟ ਦੁਆਰਾ ਜਾਂ ਦੇ ਅਧੀਨ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਵਿੱਚ ਕੀਤੀ ਗਈ, ਜਾਰੀ ਕੀਤੀ ਗਈ, ਕੀਤੀ, ਕੀਤੀ ਗਈ ਜਾਂ ਅਰੰਭ ਕੀਤੀ ਗਈ ਸਮਝੀ ਜਾਵੇਗੀ।

**ਬੀ.ਬੀ.ਐਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ।

**ਡਿਸਕਲੇਮਰ:-** ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3809/8-2026/Pb. Govt. Press, S.A.S. Nagar*

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 24 ਅਗਸਤ, 2026

**ਨੰ. 63/ਭ:ਕ/2026.-** ਪੰਜਾਬ ਤੋਹਫ਼ਾ ਮਾਲ (ਕਾਨੂੰਨ-ਵਿਰੁੱਧ ਕਬਜ਼ਾ) ਐਕਟ, 1963 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 24th August, 2026

**No. 63/L.C./2026.-** The Translation in Punjabi of the Punjab Gift Goods (Unlawful Possession) Act, 1963 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਤੁਹਫ਼ਾ ਮਾਲ (ਕਾਨੂੰਨ-ਵਿਰੁੱਧ ਕਬਜ਼ਾ) ਐਕਟ, 1963

(1963 ਦਾ ਪੰਜਾਬ ਐਕਟ ਨੰ: 24)

ਕੁਝ ਕੁ ਰਾਹਤ ਸੰਸਥਾਵਾਂ ਦੁਆਰਾ ਸਪਲਾਈ ਕੀਤੇ ਗਏ ਤੁਹਫ਼ੇ ਦੇ ਮਾਲ ਦੇ ਕਾਨੂੰਨ-ਵਿਰੁੱਧ ਕਬਜ਼ੇ ਦੇ ਅਪਰਾਧ ਲਈ ਸਜ਼ਾ ਦਾ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਚੌਦਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਤੁਹਫ਼ਾ ਮਾਲ (ਕਾਨੂੰਨ-ਵਿਰੁੱਧ ਕਬਜ਼ਾ) ਐਕਟ, 1963 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਵਿਸਤਾਰ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ ਤੇ ਹੈ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,- ਪਰਿਭਾਸ਼ਾਵਾਂ।

(1) "ਤੁਹਫ਼ਾ ਮਾਲ" ਦਾ ਮਤਲਬ ਹੈ ਹੇਠ-ਲਿਖਿਆਂ ਵਿੱਚੋਂ ਕੋਈ ਵੀ, ਅਰਥਾਤ:-

(ੳ) ਮੱਕੀ ਦਾ ਭੋਜਨ;

(ਅ) ਦੁੱਧ ਦਾ ਪਾਊਡਰ;

(ੲ) ਬਨਸਪਤੀ ਤੇਲ (ਸੋਇਆਬੀਨ ਦਾ ਤੇਲ ਜਾਂ ਸੂਰਜਮੁਖੀ ਦੇ ਬੀਜਾਂ ਦਾ ਤੇਲ);

(ਸ) ਪੀਸੀ ਹੋਈ ਕਣਕ;

ਜੋ ਕਿਸੇ ਰਾਹਤ ਸੰਸਥਾ ਦੁਆਰਾ ਕਿਸੇ ਰਾਜ ਸਰਕਾਰ ਨੂੰ ਜਾਂ ਕੇਂਦਰੀ ਸਰਕਾਰ ਨੂੰ ਜਾਂ ਅਜਿਹੀ ਸਰਕਾਰ ਦੇ ਨਮਿੱਤ ਕਿਸੇ ਹੋਰ ਵਿਅਕਤੀ ਨੂੰ ਤੁਹਫ਼ੇ ਵਜੋਂ ਸਪਲਾਈ ਕੀਤੀਆਂ ਗਈਆਂ ਹੋਣ:

(2) "ਰਾਹਤ ਸੰਸਥਾ" ਦਾ ਮਤਲਬ ਹੈ ਇਸ ਐਕਟ ਨਾਲ ਨੱਥੀ ਅਨੁਸੂਚੀ ਵਿੱਚ ਉਲਿਖਤ ਕੋਈ ਸੰਸਥਾ।

ਤੁਹਫ਼ਾ ਮਾਲ ਦਾ ਕਾਨੂੰਨ-ਵਿਰੁੱਧ ਕਬਜ਼ਾ।

3. ਜੇ ਕੋਈ ਵਿਅਕਤੀ ਕਿਸੇ ਤੁਹਫ਼ਾ ਮਾਲ ਦੇ ਕਬਜ਼ੇ ਵਿੱਚ ਪਾਇਆ ਜਾਂਦਾ ਹੈ; ਜਾਂ ਇਹ ਸਾਬਤ ਹੋ ਜਾਂਦਾ ਹੈ ਕਿ ਉਹ ਉਸ ਦੇ ਕਬਜ਼ੇ ਵਿੱਚ ਸੀ, ਜਿਨ੍ਹਾਂ ਬਾਰੇ ਵਾਜਬ ਤੌਰ ਤੇ ਇਹ ਸ਼ੰਕਾ ਹੋਵੇ ਕਿ ਉਹ ਚੋਰੀ ਦਾ ਹੈ ਜਾਂ ਕਾਨੂੰਨ-ਵਿਰੁੱਧ ਪ੍ਰਾਪਤ ਕੀਤਾ ਗਿਆ ਹੈ ਅਤੇ ਉਹ ਤਸੱਲੀਬਖ਼ਸ ਤੌਰ ਤੇ ਇਹ ਵਰਣਨ ਨਹੀਂ ਕਰ ਸਕਦਾ ਕਿ ਉਸ ਕੋਲ ਉਹ ਮਾਲ ਕਿਵੇਂ ਆਇਆ ਤਾਂ ਉਹ ਅਉਧ ਦੀ ਕੈਦ ਨਾਲ ਜੋ ਦੋ ਸਾਲ ਤੱਕ ਹੋ ਸਕੇਗੀ ਜਾਂ ਜੁਰਮਾਨੇ ਨਾਲ ਜਾਂ ਦੋਵਾਂ ਨਾਲ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

ਐਕਟ ਅਧੀਨ ਅਪਰਾਧਾਂ ਦਾ ਸਮਾਇਤਯੋਗ ਹੋਣਾ।

4. (1) ਫ਼ੌਜਦਾਰੀ ਜ਼ਾਬਤਾ ਸੰਘਤਾ, 1898 (1898 ਦਾ ਕੇਂਦਰੀ ਐਕਟ ਨੰ: V) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਅਧੀਨ ਅਪਰਾਧ ਉਸ ਸੰਘਤਾ ਦੇ ਅਰਥਾਂ ਅੰਦਰ ਇੱਕ ਸਮਾਇਤਯੋਗ ਅਪਰਾਧ ਹੋਵੇਗਾ।

(2) ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟ੍ਰੇਟ ਤੋਂ ਥੱਲੇ ਦੀ ਕੋਈ ਅਦਾਲਤ ਇਸ ਐਕਟ ਅਧੀਨ ਅਪਰਾਧ ਦਾ ਵਿਚਾਰਣ ਨਹੀਂ ਕਰੇਗੀ।

ਅਨੁਸੂਚੀ ਨੂੰ ਸੋਧਣ ਦੀ ਸ਼ਕਤੀ।

5. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਅਨੁਸੂਚੀ ਵਿੱਚ ਕਿਸੇ ਸੰਗਠਨ ਨੂੰ ਜੋੜ ਸਕਦੀ ਹੈ ਜਾਂ ਕਿਸੇ ਸੰਗਠਨ ਨੂੰ ਲੋਪ ਕਰ ਸਕਦੀ ਹੈ ਅਤੇ ਅਜਿਹੀ ਅਧਿਸੂਚਨਾ ਦੇ ਪ੍ਰਕਾਸ਼ਨ ਤੇ, ਅਜਿਹੇ ਸੰਗਠਨ ਨੂੰ, ਅਨੁਸੂਚੀ ਵਿੱਚ ਸ਼ਾਮਲ ਕੀਤਾ ਗਿਆ, ਜਾਂ ਉਸ ਵਿੱਚੋਂ ਲੋਪ ਕਰ ਦਿੱਤਾ ਗਿਆ, ਜਿਹੀ ਕਿ ਸੂਰਤ ਹੋਵੇ, ਸਮਝਿਆ ਜਾਵੇਗਾ।

(2) ਇਸ ਧਾਰਾ ਅਧੀਨ ਜਾਰੀ ਕੀਤੀ ਗਈ ਹਰੇਕ ਅਧਿਸੂਚਨਾ, ਉਸ ਦੇ ਜਾਰੀ ਹੋਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ [****] ਅੱਗੇ ਜਦ ਇਹ ਇਜਲਾਸ ਵਿੱਚ ਹੋਵੇ, ਰੱਖੀ ਜਾਵੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖੀ ਜਾਂਦੀ ਹੈ ਜਾਂ ਉਸ ਤੋਂ ਤੁਰੰਤ ਬਾਅਦ ਵਾਲੇ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ, ਵਿਧਾਨ-ਮੰਡਲ ਅਧਿਸੂਚਨਾ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਵਿਧਾਨ-ਮੰਡਲ ਸਹਿਮਤ ਹੋ ਜਾਂਦਾ ਹੈ ਕਿ ਅਧਿਸੂਚਨਾ ਜਾਰੀ ਨਹੀਂ ਕੀਤੀ ਜਾਣੀ ਚਾਹੀਦੀ, ਤਾਂ ਅਧਿਸੂਚਨਾ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗੀ ਜਾਂ, ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਨ ਦਾ ਉਸ ਅਧਿਸੂਚਨਾ ਦੇ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਅਨੁਸੂਚੀ

[ਦੇਖੋ ਧਾਰਾ 2(2)]

1. ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ ਬਾਲ ਸੰਕਟਕਲੀਨ ਫ਼ੰਡ (ਯੂਐਨਆਈਸੀਈਐੱਫ)।
2. ਕੋ-ਆਪਰੇਟਿਵ ਫਾਰ ਅਮੈਰੀਕਨ ਰਿਲੀਫ਼ ਐਵਰੀਵੇਅਰ (ਸੀਏਆਰਈ)।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

**ਡਿਸਕਲੇਮਰ:-** ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3809/8-2026/Pb. Govt. Press, S.A.S. Nagar*